# Amoxicillin Treatment
# Amoxicillin (ਅਮੌਕਸੀਸੀਲਿਨ) ਰਾਹੀਂ ਕੀਤਾ ਜਾਣ ਵਾਲਾ ਇਲਾਜ

Amoxicillin ਮੂੰਹ ਰਾਹੀਂ ਖਾਧਾ ਜਾਣ ਵਾਲਾ ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਹੜਾ ਸੰਭੋਗ ਕਾਰਣ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

## Allergies
### ਐਲਰਜੀਆਂ

- ਜੇ ਤੁਹਾਨੂੰ Penicillin-V-K (ਪੈਨਸੀਲਿਨ-ਵੀ-ਕੇ), Amoxicillin (ਐਮੌਸੀਸਿੱਲਿਨ) ਜਿਹੇ ਕਿਸੇ ਵੀ ਪੈਨਸੀਲਿਨ ਐਂਟੀਬਾਇਓਟਿਕ ਜਾਂ Cefixime (ਸੈਫ਼ਇਕਸੈੱਮ - Suprax®), Cephalexin (ਸੈਫ਼ਾਲੈਕਸਿਨ), Cefaclor (ਸੈਫ਼ਾਕਲੋਰ) ਜਿਹੇ ਕਿਸੇ ਵੀ cephalosporin (ਸੈਫ਼ਲੈਸਪੋਰਿਨ) ਐਂਟੀਬਾਇਓਟਿਕ ਤੋਂ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਦੱਸੋ।

## Pregnancy/Breastfeeding
### ਗਰਭ ਅਵਸਥਾ/ਬੱਚੇ ਨੂੰ ਆਪਣਾ ਦੁੱਧ ਪਿਲਾਉਣਾ

- Amoxicillin ਨੂੰ ਗਰਭ ਅਵਸਥਾ ਦੌਰਾਨ ਅਤੇ ਬੱਚੇ ਨੂੰ ਦੁੱਧ ਪਿਲਾਉਂਦੇ ਹੋਏ ਲਿਆ ਜਾ ਸਕਦਾ ਹੈ। ਕਿਰਪਾ ਕਰਕੇ ਆਪਣੇ ਡਾਕਟਰ ਦੀ ਸਲਾਹ ਲਓ ਜੀ।

## CAUTION
### ਸਾਵਧਾਨ

- Amoxicillin ਦੀ ਖ਼ੁਰਾਕ ਤੋਂ ਬਾਅਦ ਟਾਈਫ਼ਾਈਡ (ਮਿਆਦੀ ਬੁਖ਼ਾਰ) ਦੀ ਮੂੰਹ ਰਾਹੀਂ ਖਾਧੀ ਜਾਣ ਵਾਲੀ ਵੈਕਸੀਨ (Vivotif®) ਦੇਣ ਤੋਂ ਪਹਿਲਾਂ 24 ਘੰਟੇ ਜਾਂ ਜ਼ਿਆਦਾ ਸਮਾਂ ਲੰਘ ਲੈਣ ਦਿਓ।
- **ਮਿਹਰਬਾਨੀ ਕਰਕੇ ਨੋਟ ਕਰੋ ਕਿ ਇੰਟ੍ਰਾਵੈਨਸ (ਅੰਤਰ-ਨਸੀ) ਦਵਾਈਆਂ ਇਸ ਦਸਤਾਵੇਜ਼ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ। ਜੇ ਤੁਸੀਂ ਇੰਟ੍ਰਾਵੈਨਸ ਰਾਹੀਂ ਕੋਈ ਦਵਾਈਆਂ ਲੈ ਰਹੇ ਹੋ, ਤਾਂ ਮਿਹਰਬਾਨੀ ਕਰਕੇ ਆਪਣੇ ਸਿਹਤ ਪ੍ਰੈਕਟੀਸ਼ਨਰ (ਪੇਸ਼ਾਵਰ) ਨੂੰ ਦੱਸ ਦੇਵੋ।**

## Tell your doctor if you are taking the following medications:
ਜੇ ਤੁਸੀਂ ਹੇਠ ਲਿਖੀਆਂ ਦਵਾਈਆਂ ਲੈ ਰਹੇ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ:

- **ਐਂਟੀਕੋਐਗੂਲੈਂਟਸ (ਗਤਲਿਆਂ ਵਿਰੋਧੀ):** Warfarin (Coumadin®)
- **ਐਂਟੀਡਿਪਰੈਸੈਂਟ/ਐਂਗਜ਼ਿਓਲਿਟਿਕ (ਉਦਾਸੀ ਰੋਗ ਵਿਰੋਧੀ/ਚਿੰਤਾ ਵਿਰੋਧੀ):** Venlafaxine (Effexor® XR)
- **ਗਰਭ ਨਿਰੋਧਕ ਗੋਲ਼ੀਆਂ** Estrogens/Progestrogens (ਐਸਟ੍ਰੋਜਨ/ਪ੍ਰੋਜੈਸਟੋਜੈਨ)
- **ਗਠੀਆ/ਗਠੀਏ ਨਾਲ ਜੋੜਾਂ ਦਾ ਦਰਦ:** Probenecid (Benuryl®)
- **ਇਮਿਊਨੋਸਪ੍ਰੈੱਸੈਂਟਸ (ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਕੁਦਰਤੀ ਪ੍ਰਣਾਲੀ ਨੂੰ ਦਬਾਉਣ ਵਾਲੀਆਂ ਦਵਾਈਆਂ):** Methotrexate (Rheumatrex®)

## Side Effects
### ਮਾੜੇ ਪ੍ਰਭਾਵ

- ਤੁਹਾਨੂੰ ਟੱਟੀਆਂ ਲੱਗ ਸਕਦੀਆਂ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਪੀੜ ਹੋ ਸਕਦੀ ਹੈ ਜਾਂ ਉਲਟੀਆਂ ਲੱਗ ਸਕਦੀਆਂ ਹਨ।
- ਜੇ ਤੁਹਾਡੇ ਵਿੱਚ ਐਲਰਜਿਕ ਪ੍ਰਤੀਕਰਮ ਦੇ ਇਹ ਸੰਕੇਤ ਹਨ ਤਾਂ ਐਮਰਜੰਸੀ ਸਹਾਇਤਾ ਲਓ: ਛਪਾਕੀਆਂ, ਸਾਹ ਲੈਣ ਵਿੱਚ ਤਕਲੀਫ਼, ਚਿਹਰੇ, ਬੁੱਲ੍ਹਾਂ, ਜੀਭ ਅਤੇ ਗਲੇ ਵਿੱਚ ਸੋਜਸ਼।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.STDResource.com

*A research and teaching centre affiliated with UBC*

# Amoxicillin Treatment (cont'd)
# Amoxicillin (ਅਮੌਕਸੀਸੀਲਿਨ) ਰਾਹੀਂ ਕੀਤਾ ਜਾਣ ਵਾਲਾ ਇਲਾਜ (ਚਲਦਾ)

## Instructions for Taking
## ਦਵਾਈ ਲੈਣ ਸੰਬੰਧੀ ਹਿਦਾਇਤਾਂ

- ਭੋਜਨ ਦੇ ਨਾਲ ਜਾਂ ਭੋਜਨ ਤੋਂ ਬਗ਼ੈਰ ਰੋਜ਼ਾਨਾ **ਇੱਕ** (500 ਐੱਮ.ਜੀ.) ਕੈਪਸੂਲ ਉਦੋਂ ਤਕ ਲਓ ਜਦੋਂ ਤਕ ਸਾਰੇ ਕੈਪਸੂਲ ਖ਼ਤਮ ਨਹੀਂ ਹੋ ਜਾਂਦੇ।
- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਖੁੰਝਾ ਦਿਓ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਉਦੋਂ ਤਕ ਜੇ ਅਗਲੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਖੁੰਝੀ ਹੋਈ ਖ਼ੁਰਾਕ ਛੱਡ ਦਿਓ। ਦੋਹਰੀ ਖ਼ੁਰਾਕ ਨਾ ਲਓ।

## Storage Instructions
## ਰੱਖਣ ਸੰਬੰਧੀ ਹਿਦਾਇਤਾਂ

- 15-30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਗਰਮੀ ਅਤੇ ਨਮੀ ਤੋਂ ਸੁਰੱਖਿਅਤ ਰੱਖੋ।
- ਮਿਆਦ ਖ਼ਤਮ ਹੋਣ ਦੀ ਪ੍ਰਿੰਟ ਕੀਤੀ ਹੋਈ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## Special Instructions
## ਵਿਸ਼ੇਸ਼ ਹਿਦਾਇਤਾਂ

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - o ਤੁਹਾਡੇ 1-ਦਿਨਾ ਇਲਾਜ ਨੂੰ ਇੱਕ ਹਫ਼ਤਾ ਪੂਰਾ ਨਹੀਂ ਹੋ ਜਾਂਦਾ; ਜਾਂ
  - o ਤੁਹਾਡਾ 7-ਦਿਨਾ ਇਲਾਜ ਪੂਰਾ ਨਹੀਂ ਹੋ ਜਾਂਦਾ, ਅਤੇ
  - o ਤੁਹਾਡੇ ਸੰਭੋਗ ਸਾਥੀ(ਆਂ) ਦਾ ਇਲਾਜ ਵੀ ਨਹੀਂ ਹੋ ਜਾਂਦਾ, ਭਾਵੇਂ ਉਨ੍ਹਾਂ ਦੇ ਟੈਸਟਾਂ ਦੇ ਨਤੀਜੇ ਨਾਂਹਪੱਖੀ ਹੀ ਹੋਣ।
- ਤੁਹਾਨੂੰ ਸਿਹਤ ਸੰਭਾਲ ਸੇਵਾ ਪ੍ਰਦਾਨ ਕਰਨ ਵਾਲੇ ਕਰਮਚਾਰੀ ਨੂੰ ਸੂਚਿਤ ਕਰੋ ਜੇ:
  - o ਤੁਸੀਂ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕੀਤਾ ਹੈ ਜਿਸ ਦਾ ਇਲਾਜ ਨਹੀਂ ਹੋਇਆ ਸੀ ਜਾਂ
  - o ਤੁਸੀਂ ਆਪਣਾ ਜਾਂ ਆਪਣੇ ਸਾਥੀ(ਆਂ) ਦਾ ਇਲਾਜ ਪੂਰਾ ਹੋਣ ਤੋਂ ਪਹਿਲਾਂ ਸੰਭੋਗ ਕੀਤਾ ਹੈ।
- ਜੇ ਤੁਸੀਂ ਹਾਰਮੋਨਲ ਕਿਸਮ ਦਾ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਦਵਾਈਆਂ, ਰਿੰਗ ਜਾਂ ਪੈਚ) ਵਰਤ ਰਹੇ ਹੋ ਤਾਂ ਆਪਣਾ ਮੌਜੂਦਾ ਮਾਹਵਾਰੀ ਚੱਕਰ ਪੂਰਾ ਹੋਣ ਤਕ ਗਰਭ ਨਿਰੋਧਨ ਦਾ ਇੱਕ ਹੋਰ ਗ਼ੈਰ-ਹਾਰਮੋਨਲ ਤਰੀਕਾ (ਜਿਵੇਂ ਕਿ ਕੰਡੋਮ/ਡਾਇਆਫ੍ਰੈਗਮ) ਵਰਤੋ।

ਟ੍ਰੀਟਮੈਂਟ ਪੂਰਾ ਹੋਣ ਤੋਂ 3-4 ਹਫ਼ਤਿਆਂ ਬਾਅਦ ਕਲੈਮੀਡੀਆ (ਸੰਭੋਗ ਕਾਰਣ ਹੋਣ ਵਾਲੀ ਬਿਮਾਰੀ ਦੀ ਇੱਕ ਕਿਸਮ) ਦੇ **ਇਲਾਜ ਦੀ ਜਾਂਚ** ਕੀਤੀ ਜਾਣੀ ਚਾਹੀਦੀ ਹੈ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਸੰਪਰਕ ਜਾਣਕਾਰੀ ਦੇਖੋ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.STDResource.com

*A research and teaching centre affiliated with UBC*